ੴ ਸਤਿਗੁਰ ਪ੍ਰਸਾਦਿ ॥

# ਵਾਹ-ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ

## ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਸੰਬੰਧੀ
## (100 ਸਵਾਲ)

ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ
550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਹੋ ਕੇ
ਸ਼ਬਦ ਗੁਰੂ ਨੂੰ ਪਹਿਚਾਨੀਏ

ਪ੍ਰਕਾਸ਼ਕ :

ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ (ਰਜਿ.) ਚੰਡੀਗੜ੍ਹ

ਲਾਂਚ ਕਰਤਾ

ਕ੍ਰਾਂਤਿਕਾਰੀ ਜਗਤ ਗੁਰੂ ਨਾਨਕ ਦੇਵ ਜੀ ਚੈਰਿਟੇਬਲ ਟਰਸਟ, ਚੰਡੀਗੜ੍ਹ

Lunched By :
Jasbir Singh
M. 9988160484, 62390-45985

Type Setting By :
Radhe Shyam Choudhary
9814966882

Download Free

# ਵਾਹ-ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ

## ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਸੰਬੰਧੀ (100 ਸਵਾਲ)

ਪ੍ਰ. 1:- ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਕਦੋਂ ਹੋਇਆ ਸੀ ?

ਉੱਤਰ:- 22 ਦਸੰਬਰ 1666

ਪ੍ਰ. ੨:- ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਕਿਸ ਸਥਾਨ ਤੇ ਹੋਇਆ ਸੀ ?

ਉੱਤਰ:- ਪਟਨਾ ਸਾਹਿਬ ਬਿਹਾਰ

ਪ੍ਰ. ੩:- ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਸਥਾਨ ਤੇ ਸਿੱਖ ਕੌਮ ਦਾ ਕਿਹੜਾ ਤਖਤ ਹੈ ਨਾਮ ਦੱਸੋ?

ਉੱਤਰ:- ਤਖਤ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਪਟਨਾ ਸਾਹਿਬ ਬਿਹਾਰ

ਪ੍ਰ. ੪:- ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਾਤਾ ਜੀ ਤੇ ਪਿਤਾ ਜੀ ਦਾ ਨਾਮ ਦਸੋ ?

ਉੱਤਰ:- ਪਿਤਾ - ਸ੍ਰੀ ਗੁਰੂ ਤੇਗ ਬਹਾਦੁਰ ਜੀ

ਮਾਤਾ - ਮਾਤਾ ਗੁਜਰ ਕੌਰ ਜੀ

ਪ੍ਰ. ੫:- ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਦੇ ਨਾਮ ਲਿਖੋ ?

ਉੱਤਰ:- 1. ਬਾਬਾ ਅਜੀਤ ਸਿੰਘ ਜੀ 2. ਬਾਬਾ ਜੁਝਾਰ ਸਿੰਘ ਜੀ

3. ਬਾਬਾ ਜੋਰਾਵਰ ਸਿੰਘ ਜੀ 4. ਬਾਬਾ ਫਤਿਹ ਸਿੰਘ ਜੀ

ਪ੍ਰ. ੬:- ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਸਮੇਂ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਧਰਮ ਪ੍ਰਚਾਰ ਕਰਨ ਲਈ ਕਿਥੇ ਗਏ ਹੋਏ ਸਨ ?

ਉੱਤਰ:- ਸ੍ਰੀ ਗੁਰੂ ਤੇਗ ਬਹਾਦੁਰ ਜੀ ਉਸ ਸਮੇਂ ਢਾਕਾ (ਪੂਰਬੀ ਬੰਗਾਲ, ਬੰਗਲਾ ਦੇਸ਼) ਵਿੱਚ ਪ੍ਰਚਾਰ ਕਰ ਰਹੇ ਸਨ ।

ਪ੍ਰ. ੭:- ਬਾਲਕ ਗੋਬਿੰਦ ਰਾਇ ਜੀ ਛੋਟੀ ਉਮਰ ਵਿੱਚ ਕਿਸ ਤਰਾਂ ਦੀਆਂ ਖੇਡਾ ਖੇਡਦੇ ਸਨ ?

ਉੱਤਰ:- ਆਪਣੇ ਹਾਣੀਆਂ ਨੂੰ ਉਹ ਫੌਜੀ ਚਾਲਾਂ ਤੇ ਢੰਗ ਦੱਸਦੇ ਉਨਾਂ ਨੂੰ ਦੋ ਟੋਲੀਆਂ ਵਿੱਚ ਵੰਡ ਕੇ ਆਪਸ ਵਿੱਚ ਉਨਾਂ ਦਾ ਯੁੱਧ ਕਰਾਉਂਦੇ ਇਸ ਤਰਾਂ ਦੀਆਂ ਖੇਡਾਂ ਵਿੱਚ ਲੱਗੇ ਰਹਿੰਦੇ ਸਨ ।

ਪ੍ਰ. ੮:- ਪਟਨੇ ਵਿੱਚ ਕਿਸ ਪੰਡਿਤ ਨੂੰ ਬਾਲਕ ਗੋਬਿੰਦ ਰਾਏ ਜੀ ਵਿਚੋਂ ਰੱਬ ਦੇ ਦਰਸ਼ਨ ਹੁੰਦੇ ਸਨ?

ਉੱਤਰ:- ਪੰਡਿਤ ਸਿਵ ਦੱਤ ਜੀ ।

ਪ੍ਰ. ੯:- ਕਿਹੜੇ ਨਵਾਬਾ ਨੇ ਬਾਲਕ ਗੋਬਿੰਦ ਰਾਇ ਜੀ ਤੋਂ ਪ੍ਰਭਾਵਿਤ ਹੋ ਕੇ ਇੱਕ ਪਿੰਡ ਤੇ ਦੋ ਬਾਗ ਭੇਟ ਕੀਤੇ ਸਨ?

ਉੱਤਰ:- ਨਵਾਬ ਰਹੀਮ ਬਖਸ਼ ਅਤੇ ਨਵਾਬ ਕਰੀਮ ਬਖਸ਼

ਪ੍ਰ. ੧੦:- ਗੋਬਿੰਦ ਰਾਇ ਜੀ ਦੇ ਜਨਮ ਤੋਂ ਬਾਅਦ ਕਿਹੜੇ ਪੀਰ ਉਹਨਾਂ ਦੇ ਦਰਸ਼ਨ ਕਰਨ ਪਹੁੰਚੇ ਸਨ?

ਉੱਤਰ:- ਸੱਯਦ ਪੀਰ ਭੀਖਣ ਸ਼ਾਹ ਜੀ

ਪ੍ਰ. ੧੧:- ਪੀਰ ਭੀਖਣ ਸ਼ਾਹ ਜੀ ਕਿਸ ਸਥਾਨ ਤੋਂ ਗੋਬਿੰਦ ਰਾਇ ਜੀ ਦੇ ਦਰਸ਼ਨ ਕਰਨ ਪਟਨਾ ਸਾਹਿਬ ਪਹੁੰਚੇ ਸਨ?

ਉੱਤਰ:- ਪਿੰਡ- ਠਸਕਾ (ਜਿਲਾ-ਕਰਨਾਲ ਉਸ ਸਮੇਂ ਪੰਜਾਬ ਵਿੱਚ ਸੀ) ਤੋਂ ਪਟਨੇ ਪਹੁੰਚੇ ਸਨ।

ਪ੍ਰ. ੧੨:- ਪਟਨਾ ਸਹਿਬ ਦਾ ਕਿਹੜਾ ਰਾਜਾ ਗੁਰੂ ਜੀ ਦਾ ਸ਼ਰਧਾਲੂ ਸੀ ?

ਉੱਤਰ:- ਰਾਜਾ ਫਤਿਹ ਚੰਦ ਮੈਣੀ

ਪ੍ਰ. ੧੩:- ਰਾਜਾ ਫਤਿਹ ਚੰਦ ਮੈਣੀ ਤੇ ਰਾਣੀ ਦੀ ਇੱਛਾ ਕਿਸ ਤਰਾਂ ਗੋਬਿੰਦ ਰਾਇ ਜੀ ਨੇ ਪੂਰੀ ਕੀਤੀ ਸੀ ?

ਉੱਤਰ:- ਖੁਦ ਰਾਣੀ ਨੂੰ ਮਾਂ ਪੁਕਾਰ ਕੇ ।

ਪ੍ਰ. ੧੪:- ਰਾਜਾ ਫਤਿਹ ਚੰਦ ਮੈਣੀ ਤੇ ਰਾਣੀ ਦੇ ਗੁਰੂ ਸਾਹਿਬ ਪ੍ਰਤੀ ਪ੍ਰੇਮ ਦਾ ਪ੍ਰਤੀਕ ਕਿਹੜਾ ਗੁਰਦੁਆਰਾ ਸਾਹਿਬ ਹੈ ? ਉਥੇ ਵਿਸ਼ੇਸ਼ ਤੌਰ ਤੇ ਕਿਹੜਾ ਲੰਗਰ ਮਿਲਦਾ ਹੈ ?

ਉੱਤਰ:- ਗੁਰਦੁਆਰਾ ਬਾਲਲੀਲਾ (ਮੈਣੀ ਸੰਗਤ) ਜਿਥੇ ਵਿਸ਼ੇਸ਼ ਤੌਰ ਤੇ ਛੋਲੇ ਪੂਰੀਆਂ ਦਾ ਲੰਗਰ ਮਿਲਦਾ ਹੈ ।

ਪ੍ਰ. ੧੫:- ਗੁਰੂ ਗੋਬਿੰਦ ਸਿੰਘ ਜੀ ਦੇ ਮਾਮਾ ਜੀ ਦਾ ਕੀ ਨਾਮ ਸੀ ?

ਉੱਤਰ:- ਮਾਮਾ ਕਿਰਪਾਲ ਜੀ ।

ਪ੍ਰ. ੧੬:- ਜਦੋਂ ਬਾਲਕ ਗੋਬਿੰਦ ਰਾਇ ਜੀ ਪਟਨਾ ਸਾਹਿਬ ਤੋਂ ਪੰਜਾਬ ਆਏ ਸਨ ਤੇ ਪਟਨੇ ਦੀ ਸੰਗਤ ਨੇ ਯਾਦ ਵਜੋਂ ਆਪ ਦੀ ਕਿਹੜੀ ਚੀਜ ਰੱਖੀ ਸੀ ?

ਉੱਤਰ:- ਗੁਰੂ ਜੀ ਦਾ ਪੰਘੂੜਾ

ਪ੍ਰ. ੧੭:- ਕਿੰਨੇ ਸਾਲ ਦੀ ਉਮਰ ਵਿੱਚ ਗੋਬਿੰਦ ਰਾਇ ਜੀ ਅਨੰਦਪੁਰ ਸਾਹਿਬ ਆਏ ਸਨ ?

ਉੱਤਰ:- 6 ਸਾਲ

ਪ੍ਰ. ੧੮:- ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਵਿਚਾਰ ਅਤੇ ਗੁਰੂ-ਘਰ ਦੀ ਹੋਰ ਵਿਦਿਆ ਸ੍ਰੀ ਗੋਬਿੰਦ ਰਾਇ ਜੀ ਨੂੰ ਕਿਸ ਤੋਂ ਦਿਵਾਈ ਗਈ ਸੀ ?

ਉੱਤਰ:- ਮੁਨਸ਼ੀ ਸਾਹਿਬ ਚੰਦ ਜੀ ।

ਪ੍ਰ ੧੯:- ਫਾਰਸੀ ਦੀ ਪੜਾਈ ਬਾਲਕ ਗੋਬਿੰਦ ਰਾਏ ਜੀ ਨੇ ਕਿਸ ਤੋਂ ਪੜੀ ਸੀ?

ਉੱਤਰ:- ਮੁਨਸ਼ੀ ਪੀਰ ਮੁਹੰਮਦ ਸਲੋਹ ਜੀ ਪਾਸੋਂ ।

ਪ੍ਰ.੨੦:- ਗੁਰੂ ਤੇਗ ਬਹਾਦੁਰ ਜੀ ਦੇ ਦਰਬਾਰ ਵਿੱਚ ਅਨੰਦਪੁਰ ਸਾਹਿਬ ਧਰਮ ਦੀ ਰੱਖਿਆ ਲਈ ਪੁਕਾਰ ਲੈ ਕੇ ਕਉਣ ਆਏ ਸਨ?

ਉ.:- ਕਸ਼ਮੀਰੀ ਪੰਡਿਤ

ਪ੍ਰ.੨੧:- ਗੁਰੂ ਸਾਹਿਬ ਦੇ ਦਰਬਾਰ ਵਿੱਚ ਆਏ ਕਸ਼ਮੀਰੀ ਪੰਡਿਤਾਂ ਦਾ ਮੁਖੀ ਕੌਣ ਸੀ?

ਉ.:- ਪੰਡਿਤ ਕਿਰਪਾ ਰਾਮ

ਪ੍ਰ.੨੨:- ਧਰਮ ਦੀ ਰੱਖਿਆ ਕਰਨ ਲਈ ਗੋਬਿੰਦ ਰਾਇ ਜੀ ਨੇ ਕਿਸ ਨੂੰ ਸ਼ਹੀਦੀ ਦੇਣ ਲਈ ਕਿਹਾ ਸੀ? ਅਤੇ ਉਸ ਸਮੇਂ ਉਹਨਾ ਦੀ ਉਮਰ ਕਿੰਨੀ ਸੀ?

ਉ.: ਆਪਣੇ ਪਿਤਾ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਜੀ ਨੂੰ, ਉਸ ਸਮੇਂ ਉਹਨਾਂ ਦੀ ਉਮਰ ੯ ਸਾਲ ਸੀ।

ਪ੍ਰ.੨੩:- ਗੁਰੂ ਗੋਬਿੰਦ ਸਿੰਘ ਜੀ ਨੂੰ ਗੁਰਗੱਦੀ ਤਿਲਕ ਕਿਸ ਨੇ ਕੀਤਾ ਸੀ ?

ਉ.:- ਬਾਬਾ ਬੁੱਢਾ ਜੀ ਦੀ ਅੰਸ ਵਿੱਚੋਂ ਬਾਬਾ ਰਾਮ ਕੰਵਰ (ਕੌਰ) ਜੀ ।

ਪ੍ਰ.:-੨੪:- ਗੁਰੂ ਗੋਬਿੰਦ ਸਿੰਘ ਜੀ ਕਿੰਨੇ ਸਾਲ ਦੀ ਉੰਮਰ ਵਿੱਚ ਗੁਰਗੱਦੀ ਤੇ ਬਿਰਾਜੇ ਸਨ?

ਉ.:- ੯ ਸਾਲ ਦੀ ਉੰਮਰ ਵਿੱਚ ।

ਪ੍ਰ.੨੫:- ਗੁਰੂ ਗੋਬਿੰਦ ਸਿੰਘ ਜੀ ਦੇ ਦਾਦਾ ਜੀ ਦਾ ਕੀ ਨਾਮ ਸੀ ?

ਉ.:- ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ।

ਪ੍ਰ.੨੬:- ਗੁਰੂ ਗੋਬਿੰਦ ਸਿੰਘ ਜੀ ਨੇ 'ਰੰਘਰੇਟਾ ਗੁਰੂ ਕਾ ਬੇਟਾ' ਦਾ ਖਿਤਾਬ ਕਿਸ ਨੂੰ ਬਖਸ਼ਿਆ ਸੀ ?

ਉ.:- ਗੁਰੂ ਤੇਗ ਬਹਾਦੁਰ ਜੀ ਦਾ ਸ਼ੀਸ਼ ਦਿੱਲੀ ਤੋਂ ਅਨੰਦਪੁਰ ਸਾਹਿਬ ਲਿਆਉਣ ਵਾਲੇ ਭਾਈ ਜੈਤਾ ਜੀ ਨੂੰ ਜੋ ਅੰਮ੍ਰਿਤ ਛੱਕ ਕੇ ਭਾਈ ਜੀਵਨ ਸਿੰਘ ਕਹਾਏ ਸਨ ।

ਪ੍ਰ.੨੭:- ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿੱਚ ਕਿੰਨੇ ਕਵੀ ਸਨ ਤੇ ਕਿਥੇ ਸਨ ?

ਉ.:- ੫੨ ਕਵੀ, ਸਥਾਨ- ਪਉਂਟਾ ਸਾਹਿਬ

ਪ੍ਰ.੨੮:- ਨਿਰਮਲੇ ਕੌਣ ਹਨ ?

ਉ.:- ਕੁਝ ਚੋਣਵੇ ਸਿੱਖ ਵਿਦਵਾਨਾ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਬਨਾਰਸ ਭੇਜਿਆ ਕਿ ਉਹ ਉਥੋਂ ਪੰਡਤਾਂ ਪਾਸੋਂ ਸ਼ਾਸਤਰੀ (ਸੰਸਕ੍ਰਿਤ) ਪੜ ਸਿਖ ਆਉਣ ਇਨ੍ਹਾਂ ਵਿਦਵਾਨਾ ਨੂੰ ਨਿਰਮਲੇ ਕਹਿੰਦੇ ਹਾਂ ।

ਪ੍ਰ.੨੯:- ਗੁਰੂ ਗੋਬਿੰਦ ਸਿੰਘ ਜੀ ਦੇ ਨਗਾਰੇ ਦਾ ਕੀ ਨਾਮ ਸੀ ?

ਉ.:- ਰਣਜੀਤ ਨਗਾਰਾ

ਪ੍ਰ.੩੦:- ਸਢੋਰੇ ਦੇ ਸ਼ਰਧਾਲੂ ਸੱਯਦ ਪੀਰ ਬੁਧੂ ਸ਼ਾਹ ਦੀ ਸਿਫਾਰਸ਼ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕਿੰਨੇ ਪਠਾਣਾ ਨੂੰ ਆਪਣੀ ਸੈਨਾ ਵਿੱਚ ਭਰਤੀ ਕੀਤਾ ਸੀ ?

ਉ.:- ੫੦੦ ਪਠਾਣਾ ਨੂੰ ।

ਪ੍ਰ.੩੧:- ੫੦੦ ਪਠਾਣ ੧੦੦- ੧੦੦ ਦੇ ਜਥੇ ਵਿੱਚ ਵੰਡੇ ਹੋਏ ਸਨ ਉਹਨਾਂ ਦੇ ਪੰਜ ਸਰਦਾਰਾਂ ਦਾ ਨਾਮ ਲਿਖੋ ?

ਉ.:- ੧. ਕਾਲੇ ਖਾਂ ੨. ਭੀਖਣ ਖਾਂ ੩. ਹੱਯਾਤ ਖਾਂ ੪. ਉਮਰ ਖਾਂ ੫. ਨਜਾਬਤ ਖਾਂ

ਪ੍ਰ.੩੨:- ਪਸ਼ਮੀਨੇ ਦੀ ਬਹੁਤ ਸੁੰਦਰ ਚਾਨਣੀ ਜਿਸ ਵਰਗੀ ਕੋਈ ਹੋਰ ਨਹੀਂ ਸੀ ਕਿਸ ਸਿੱਖ ਨੇ ਗੁਰੂ ਜੀ ਨੂੰ ਭੇਟ ਕੀਤੀ ਸੀ ?

ਉ.:- ਕਾਬਲ ਦੇ ਸਿੱਖ ਭਾਈ ਚੰਦ ਜੀ ਨੇ ।

ਪ੍ਰ.੩੩:- ਪਰਸਾਦੀ ਹਾਥੀ ਕਿਸ ਨੇ ਗੁਰੂ ਜੀ ਨੂੰ ਭੇਟ ਕੀਤਾ ਸੀ ?

ੳ.:- ਅਸਾਮ ਤੋਂ ਆਏ ਰਾਜਾ ਰਤਨ ਰਾਏ ਨੇ ।

ਪ੍ਰ.੩੪:- ਨਾਹਨ ਜਾਂ ਸਿਰਮੌਰ ਦਾ ਕਿਹੜਾ ਰਾਜਾ ਗੁਰੂ ਜੀ ਦਾ ਸ਼ਰਧਾਲੂ ਸੀ ਜਿਸ ਨੇ ਗੁਰੂ ਜੀ ਨੂੰ ਆਪਣੀ ਰਿਆਸਤ ਵਿੱਚ ਆਉਣ ਦਾ ਸੱਦਾ ਦਿੱਤਾ ਸੀ ?

ੳ.:- ਰਾਜਾ ਮੇਦਨੀ ਪ੍ਰਕਾਸ਼

ਪ੍ਰ.੩੫:- ਨਾਹਨ ਦੀ ਰਿਆਸਤ ਵਿੱਚ ਗੁਰੂ ਜੀ ਨੇ ਕਦੋਂ ਤੇ ਕਿਹੜਾ ਸ਼ਹਿਰ ਵਸਾਇਆ ਸੀ ?

ੳ.:- ਸੰਨ ੧੬੮੫ ਵਿੱਚ ਪਉਂਟਾ ਸਾਹਿਬ

ਪ੍ਰ.੩੬:- ਪਉਂਟਾ ਸਾਹਿਬ ਰਹਿ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਰਾਜਾ ਮੇਦਨੀ ਪ੍ਰਕਾਸ਼ ਦਾ ਕਿਸ ਰਾਜੇ ਨਾਲ ਸਮਝੌਤਾ ਕਰਵਾਇਆ ਸੀ ?

ੳ.:- ਸਿਰੀ ਨਗਰ (ਗੜਵਾਲ) ਦੇ ਰਾਜੇ ਫਤਹਿ ਸ਼ਾਹ ਨਾਲ

ਪ੍ਰ.੩੭:- ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਦਾ ਜਨਮ ਕਦੋਂ ਹੋਇਆ ?

ੳ.:- ੧. ਬਾਬਾ ਅਜੀਤ ਸਿੰਘ ਜੀ - ੧੬੮੬ ੨. ਬਾਬਾ ਜੁਝਾਰ ਸਿੰਘ ਜੀ - ੧੬੯੦
੩. ਬਾਬਾ ਜੋਰਾਵਰ ਸਿੰਘ ਜੀ - ੧੬੯੬ ੪. ਬਾਬਾ ਫਤਹਿ ਸਿੰਘ ਜੀ - ੧੬੯੯

ਪ੍ਰ. ੩੮:- ਭੰਗਾਣੀ ਦੇ ਯੁੱਧ ਸਮੇਂ ੫੦੦ ਪਠਾਣਾ ਵਿਚੋਂ ਕਿੰਨੇ ਗੱਦਾਰੀ ਕਰ ਗਏ ਸਨ ਤੇ ਕੌਣ-ਕੌਣ ਰਹਿ ਗਏ ਸਨ ?

ੳ.:- ੪੦੦ ਪਠਾਣ ਗੱਦਾਰੀ ਕਰ ਗਏ ਸਨ ਸਿਰਫ ਕਾਲੇ ਖਾਂ ਦੀ ਕਮਾਨ ਹੇਠ ੧੦੦ ਪਠਾਨ ਰਹਿ ਗਏ ਸਨ ।

ਪ੍ਰ. ੩੯:- ਭੰਗਾਣੀ ਦੇ ਯੁੱਧ ਸਮੇਂ ਗੁਰੂ ਘਰ ਵਿੱਚ ਕਿੰਨੇ ਉਦਾਸੀ ਸਨ ਅਤੇ ਯੁੱਧ ਸ਼ੁਰੂ ਹੋਣ ਤੇ ਕਿੰਨੇ ਬਾਕੀ ਰਹ ਗਏ ਸਨ ?

ੳ.:- ਯੁੱਧ ਤੋਂ ਪਹਿਲਾਂ ੫੦੦ ਉਦਾਸੀ ਸਾਧੂ ਰਹਿੰਦੇ ਸਨ ਯੁੱਧ ਸ਼ੁਰੂ ਹੋਣ ਤੇ ਸਿਰਫ ਇੱਕ ਉਦਾਸੀ ਸਾਧੂ ਮਹੰਤ ਕਿਰਪਾਲ ਦਾਸ ਰਹਿ ਗਿਆ ਸੀ ।

ਪ੍ਰ. ੪੦:- ਪੀਰ ਬੁੱਧੂ ਸ਼ਾਹ ਨੂੰ ਜਦੋਂ ਪਠਾਣਾ ਦੀ ਗੱਦਾਰੀ ਦਾ ਪਤਾ ਲੱਗਾ ਤਾਂ ਉਹ ਆਪਣੇ ਨਾਲ ਕਿਹਨਾਂ ਨੂੰ ਲੈ ਕੇ ਯੁੱਧ ਵਿੱਚ ਹਾਜਰ ਹੋਏ ਸਨ ?

ੳ.:- ਪੀਰ ਬੁੱਧੂ ਸ਼ਾਹ ਆਪਣੇ ਚਾਰ ਪੁੱਤਰ ਅਤੇ ੭੦੦ ਮੁਰੀਦਾ ਨੂੰ ਨਾਲ ਲੈ ਕੇ ਪਾਉਂਟਾ ਸਾਹਿਬ ਵਿਖੇ ਹਾਜਰ ਹੋ ਗਏ ਸਨ ।

ਪ੍ਰ.੪੧:- ਗੁਰੂ ਗੋਬਿੰਦ ਸਿੰਘ ਜੀ ਦੀ ਭੂਆ ਦਾ ਨਾਮ ਲਿਖੋ?

ਉ.:- ਬੀਬੀ ਵੀਰੋ ਜੀ ।

ਪ੍ਰ.੪੨:- ਭੰਗਾਣੀ ਦੇ ਯੁੱਧ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੀ ਭੂਆ ਦੇ ਕਿਹੜੇ - ਕਿਹੜੇ ਪੁੱਤਰ ਸ਼ਾਮਿਲ ਸਨ?

ਉ.:-

੧. ਸ੍ਰੀ ਸੰਗੋ ਸ਼ਾਹ ਜੀ

੨. ਸ੍ਰੀ ਜੀਤ ਮੱਲ ਜੀ

੩. ਸ੍ਰੀ ਗੋਪਾਲ ਚੰਦ ਜੀ

੪. ਸ੍ਰੀ ਗੰਗਾ ਰਾਮ ਜੀ

੫. ਸ੍ਰੀ ਮੋਹਰੀ ਚੰਦ ਜੀ

ਪ੍ਰ. ੪੩:- ਭੰਗਾਣੀ ਦੇ ਯੁੱਧ ਵਿੱਚ ਮਹੰਤ ਕਿਰਪਾਲ ਦਾਸ ਨੇ ਕੁਤਕੇ (ਸੋਟੇ) ਨਾਲ ਕਿਸ ਦਾ ਸਿਰ ਫੇਹ ਦਿੱਤਾ ਸੀ ?

ਉ.:- ਪਠਾਣ ਸਰਦਾਰ ਹਯਾਤ ਖਾਂ ਦਾ ।

ਪ੍ਰ.੪੪:- ਭੰਗਾਣੀ ਦੇ ਯੁੱਧ ਵਿੱਚ ਗੁਰੂ ਘਰ ਦਾ ਕਿਹੜਾ ਹਲਵਾਈ ਸ਼ਾਮਿਲ ਹੋਇਆ ਸੀ ?

ਉ.:- ਸ੍ਰੀ ਲਾਲ ਚੰਦ ਹਲਵਾਈ ।

ਪ੍ਰ.੪੫:- ਭੰਗਾਣੀ ਦਾ ਯੁੱਧ ਕਿੰਨੇ ਦਿਨ ਚੱਲਿਆ ਤੇ ਕਿਸ ਦੀ ਜਿੱਤ ਹੋਈ ਸੀ ?

ਉ.:- ਭੰਗਾਣੀ ਦਾ ਯੁੱਧ ਤਿੰਨ ਦਿਨ ਚੱਲਿਆ ਸੀ ਇਸ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਜਿੱਤ ਹੋਈ ਸੀ ।

ਪ੍ਰ.੪੬:- ਭੰਗਾਣੀ ਦੇ ਯੁੱਧ ਵਿੱਚ ਗੁਰੂ ਜੀ ਨੇ ਕਿਸ ਰਾਜੇ ਨੂੰ ਮੌਤ ਦੇ ਘਾਟ ਉਤਾਰਿਆ ਸੀ ?

ਉ.:- ਰਾਜਾ ਹਰੀ ਚੰਦ

ਪ੍ਰ.੪੭:- ਨਾਦੌਣ ਦਾ ਯੁੱਧ ਕਿਹਨਾਂ ਵਿਚਕਾਰ ਹੋਇਆ ਸੀ ?

ਉ.:- ਨਾਦੌਣ ਦਾ ਯੁੱਧ ਪਹਾੜੀ ਰਾਜਿਆਂ ਦੇ ਨਾਲ ਰਲ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਔਰੰਗਜੇਬ ਵਲੋਂ ਭੇਜੇ ਅਲਫ ਖਾਂ ਨਾਲ ਹੋਇਆ ।

ਪ੍ਰ.੪੮:- ਨਾਦੌਣ ਦੇ ਯੁੱਧ ਵਿੱਚ ਕਿਸ ਦੀ ਜਿੱਤ ਹੋਈ ?

ਉ.:- ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਜਿੱਤ ਹੋਈ ।

ਪ੍ਰ.੪੯:- ਜਦੋਂ ਹੋਰ ਮਸੰਦਾ ਨੂੰ ਗੁਰੂ ਘਰ ਵਿੱਚ ਦਸਵੰਧ ਨਾ ਪਹੁੰਚਾਉਣ ਤੇ ਸਜਾ ਦਿੱਤੀ ਗਈ ਸੀ ਤਾਂ ਭਾਈ ਫੇਰੂ ਜੀ ਨੂੰ ਕਿਉਂ ਬਖਸ਼ਿਆ ਸੀ ?

ਉ.:- ਭਾਈ ਫੇਰੂ ਜੀ ਤਾਂ ਬਖਸ਼ੇ ਗਏ ਉਹ ਗਰੀਬਾਂ ਤੇ ਗੁਰੂ ਘਰ ਦਾ ਦਸਵੰਧ ਖਰਚ ਰਹੇ ਸਨ ਤੇ ਗੁਰੂ ਜੀ ਦਾ ਹੁਕਮ ਸੀ "ਗਰੀਬ ਦਾ ਮੂੰਹ ਗੁਰੂ ਦੀ ਗੋਲਕ"

ਪ੍ਰ.੫੦:- ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਕਦੋਂ ਸਾਜਿਆ ਸੀ ?

ਉ.:- ਸੰਮਤ ੧੭੫੬ ਦੀ ਵੈਸਾਖੀ ਨੂੰ (ਸੰਨ ੩੦ ਮਾਰਚ ੧੬੯੯)

ਪ੍ਰ. ੫੧:- ਪੰਜ ਪਿਆਰਿਆਂ ਦੇ ਨਾਮ ਲਿਖੋ ?

ਉ.:- ੧. ਭਾਈ ਦਇਆ ਸਿੰਘ ਜੀ ੨. ਭਾਈ ਧਰਮ ਸਿੰਘ ਜੀ

੩. ਭਾਈ ਮੁਹਕਮ ਸਿੰਘ ਜੀ ੪. ਭਾਈ ਹਿੰਮਤ ਸਿੰਘ ਜੀ

੫. ਭਾਈ ਸਾਹਿਬ ਸਿੰਘ ਜੀ

ਪ੍ਰ. ੫੨:- ਅੰਮ੍ਰਿਤ ਛੱਕਣ ਸਮੇਂ ਪੰਜ ਕਕਾਰ ਕਿਹੜੇ ਜਰੂਰੀ ਹਨ ?

ਉ.:- ੧. ਕੇਸ਼ ੨. ਕੰਘਾ ੩. ਕੜਾ ੪. ਕਛਿਹਰਾ ੫. ਕਿਰਪਾਨ

ਪ੍ਰ.੫੩:- ਅੰਮ੍ਰਿਤ ਛਕਾਉਣ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਕਿਹੜੀਆਂ ਪੰਜ ਵਸਤਾਂ ਦੀ ਵਰਤੋਂ ਕੀਤੀ ?

ਉ.:- ੧. ਸਰਬ ਲੋਹ ਦਾ ਬਾਟਾ ੨. ਖੰਡਾ

੩. ਪਤਾਸੇ ੪. ਪਾਣੀ ੫. ਬਾਣੀ

ਪ੍ਰ. ੫੪:- ਅੰਮ੍ਰਿਤਧਾਰੀ ਸਿੱਖ ਲਈ ਚਾਰ ਬਜਰ ਕੁਰਹਿਤਾ ਕਿਹੜੀਆਂ ਹਨ ?

ਉ.:- ੧. ਕੇਸਾਂ ਦੀ ਬੇਅਦਬੀ ਕਰਨੀ (ਕੇਸ ਕਤਲ ਕਰਨੇ)

੨. ਕੁੱਠਾ (ਮੁਸਲਮਾਨੀ ਢੰਗ ਨਾਲ ਬਣਾਇਆ ਮਾਸ) ਖਾਣਾ

੩. ਪਰ-ਇਸਤਰੀ ਜਾਂ ਪਰ- ਪੁਰਸ਼ ਦਾ ਭੋਗਣਾ

੪. ਤੰਮਾਕੂ ਦਾ ਵਰਤਣਾ

ਪ੍ਰ.੫੫:- ਬਾਈਧਾਰ ਦੇ ਰਾਜ਼ਿਆਂ ਨੇ ਜਦੋਂ ਮਸਤ ਹਾਥੀ ਕਿਲੇ ਦਾ ਦਰਵਾਜਾ ਤੋੜਣ ਲਈ ਭੇਜਿਆ ਤਾਂ ਕਿਸ ਨੇ ਕਿਸ ਸ਼ਸਤਰ ਨਾਲ ਮੁਕਾਬਲਾ ਕੀਤਾ ਸੀ ?

ਉ.:- ਭਾਈ ਬਚਿੱਤਰ ਸਿੰਘ ਜੀ ਨੇ ਨਾਗਣੀ ਬਰਛੇ ਨਾਲ ਮੁਕਾਬਲਾ ਕੀਤਾ ਸੀ ।

ਪ੍ਰ.੫੬:- ਰਾਜਾ ਕੇਸਰੀ ਚੰਦ ਜੋ ਕਹਿੰਦਾ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਸਿਰ ਮੈਂ ਵੱਡ ਕੇ ਲਿਆਵਾਂਗਾ ਉਸ ਦਾ ਸਿਰ ਕਿਸ ਨੇ ਵੱਢਿਆ ਸੀ ?

ਉ.:- ਭਾਈ ਉਦੈ ਸਿੰਘ ਜੀ ਨੇ ਕਿਰਪਾਨ ਨਾਲ ਰਾਜਾ ਕੇਸਰੀ ਚੰਦ ਦਾ ਸਿਰ ਵੱਢਿਆ ਸੀ ।

ਪ੍ਰ. ੫੭:- ਸੈਦ ਖਾਂ ਕੌਣ ਸੀ ਜਦੋਂ ਉਹ ਗੁਰੂ ਜੀ ਨੂੰ ਖਤਮ ਕਰਨ ਲਈ ਫੌਜ ਲੈ ਕੇ ਆਇਆ ਸ੍ਰੀ ਗੁਰੂ ਜੀ ਦੇ ਦਰਸ਼ਨਾ ਤੋਂ ਬਾਅਦ ਉਸ ਨਾਲ ਕੀ ਵਾਪਰਿਆ ਸੀ ?

ਉ.:- ਸੈਦ ਖਾਂ ਪੀਰ ਬੁੱਧੂ ਸ਼ਾਹ ਜੀ ਦੀ ਪਤਨੀ ਅਮੀਨਾ ਦਾ ਭਰਾ ਸੀ । ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਕਰਕੇ ਉਹ ਗੁਰੂ ਘਰ ਦਾ ਸੇਵਕ ਹੀ ਬਣ ਕੇ ਰਹਿ ਗਿਆ ਸੀ ।

ਪ੍ਰ. ੫੮:- ਗੁਰੂ ਜੀ ਤੋਂ ਅਨੰਦਪੁਰ ਸਾਹਿਬ ਖਾਲੀ ਕਰਵਾਉਣ ਲਈ ਪਹਾੜੀ ਰਾਜਿਆਂ ਨੇ ਕਿਹੜੀ ਚਾਲ ਚੱਲੀ ਸੀ ?

ਉ.:- ਪਹਾੜੀ ਰਾਜਿਆਂ ਨੇ ਗਊ ਦੀਆਂ ਕਸਮਾਂ ਖਾਧੀਆਂ ਤੇ ਔਰੰਗਜੇਬ ਦੀ ਚਿੱਠੀ ਜਿਸ ਵਿੱਚ ਉਸ ਨੇ ਕੁਰਾਨ ਦੀ ਕਸਮ ਖਾਧੀ ਸੀ, ਗੁਰੂ ਜੀ ਨੂੰ ਭੇਜੀ ਗਈ ਕਿ ਇੱਕ ਵਾਰ ਅਨੰਦਪੁਰ ਛੱਡ ਜਾਵੋ । ਤੁਹਾਨੂੰ ਕੁਝ ਨਹੀਂ ਕਿਹਾ ਜਾਵੇਗਾ ਥੋੜੇ ਸਮੇਂ ਬਾਅਦ ਵਾਪਿਸ ਆ ਜਾਣਾ ।

ਪ੍ਰ.੫੯:- ਗੁਰੂ ਗੋਬਿੰਦ ਸਿੰਘ ਜੀ ਨੇ ਸਿੰਘਾ ਦੀ ਸਲਾਹ ਨੂੰ ਮੰਨਦੇ ਹੋਏ ਕਦੋਂ ਅੰਨਦਪੁਰ ਸਾਹਿਬ ਦਾ ਕਿਲਾ ਛੱਡਿਆ ਸੀ ?

ਉ.:- ੬ ਪੋਹ ਸੰਮਤ ੧੭੬੧ (੨੦ ਦਸੰਬਰ ੧੭੦੪ਈ.) ਨੂੰ ।

ਪ੍ਰ.੬੦:- ਅੰਮ੍ਰਿਤ ਵੇਲੇ ਦੀ ਸੰਭਾਲ ਕਿੰਨੀ ਜਰੂਰੀ ਹੈ ਇਹ ਉਦਾਹਰਣ ਗੁਰੂ ਜੀ ਨੇ ਕਦੋਂ ਦਿੱਤੀ ਸੀ?

ਉ.:- ਅੰਨਦਪੁਰ ਦਾ ਕਿਲਾ ਤਿਆਗਣ ਤੇ ਦੁਸ਼ਮਣਾ ਨੇ ਪਿਛੋਂ ਹਮਲਾ ਕਰ ਦਿੱਤਾ ਸੀ ਪਰ ਸਤਿਗੁਰੂ ਜੀ ਨੇ ਸਰਸਾ ਦੇ ਕਿਨਾਰੇ ਅੰਮ੍ਰਿਤ ਵੇਲਾ ਸੰਭਾਲਦੇ ਹੋਏ ਨਿਤਨੇਮ ਤੇ ਆਸਾ ਦੀ ਵਾਰ ਦਾ ਕੀਰਤਨ ਕੀਤਾ ਸੀ ।

ਪ੍ਰ. ੬੧:- ਸਰਸਾ ਨਦੀ ਤੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪਰਿਵਾਰ ਕਿੰਨੇ ਹਿੱਸਿਆਂ ਵਿੱਚ ਵੰਡਿਆ ਗਿਆ ਸੀ ?

ਉ.:- ਤਿੰਨ ਹਿੱਸਿਆਂ ਵਿੱਚ

ਪ੍ਰ.੬੨:- ਗੁਰੂ ਗੋਬਿੰਦ ਸਿੰਘ ਜੀ ਦੇ ਸਰਸਾ ਨਦੀ ਤੋਂ ਵਿਛੜੇ ਪਰਿਵਾਰ ਦੇ ਪਹਿਲੇ ਹਿੱਸੇ ਵਿੱਚ ਕੌਣ ਸੀ ਤੇ ਕਿੱਥੇ ਪਹੁੰਚੇ ਸਨ ?

ਉ.:- ਗੁਰੂ ਗੋਬਿੰਦ ਸਿੰਘ ਜੀ ਤੇ ਦੋ ਵੱਡੇ ਸਾਹਿਬਜ਼ਾਦੇ ਚਾਲੀ ਸਿੰਘ ਜੋ ਕਿ ਰੋਪੜ ਤੋਂ ਹੁੰਦੇ ਹੋਏ ਚਮਕੌਰ ਦੀ ਗੜ੍ਹੀ ਵਿੱਚ ਪਹੁੰਚੇ ਸਨ ।

ਪ੍ਰ.੬੩:- ਗੁਰੂ ਗੋਬਿੰਦ ਸਿੰਘ ਜੀ ਦੇ ਸਰਸਾ ਨਦੀ ਤੋਂ ਵਿਛੜੇ ਪਰਿਵਾਰ ਦੇ ਦੂਜੇ ਹਿੱਸੇ ਵਿੱਚ ਕੌਣ-ਕੌਣ ਸੀ ਤੇ ਕਿੱਥੇ ਪਹੁੰਚੇ ਸਨ ?

ਉ.:- ਦੂਸਰੇ ਹਿੱਸੇ ਵਿੱਚ ਮਾਤਾ ਗੁਜਰ ਕੌਰ ਜੀ ਅਤੇ ਛੋਟੇ ਸਾਹਿਬਜਾਦੇ ਸਨ ਗੰਗੂ ਰਸੋਈਏ ਨਾਲ ਜੋ ਵੱਖ-ਵੱਖ ਸਥਾਨਾ ਤੋਂ ਹੁੰਦੇ ਹੋਏ ਸਰਹੰਦ ਵਿਖੇ ਠੰਡੇ ਬੁਰਜ ਤੇ ਕੈਦ ਕੀਤੇ ਗਏ ।

ਪ੍ਰ. ੬੪:- ਸਰਸਾ ਨਦੀ ਤੋਂ ਵਿਛੁੜੇ ਗੁਰੂ ਗੋਬਿੰਦ ਸਿੰਘ ਜੀ ਦੇ ਪਰਿਵਾਰ ਦੇ ਤੀਜੇ ਹਿੱਸੇ ਵਿੱਚ ਕੌਣ ਕੌਣ ਸਨ ?

ਉ.:- ਮਾਤਾ ਸੁੰਦਰ ਕੌਰ ਜੀ, ਮਾਤਾ ਸਾਹਿਬ ਕੌਰ ਜੀ ਅਤੇ ਭਾਈ ਮਨੀ ਸਿੰਘ ਜੀ ਆਦਿ ਇਹ ਦਿੱਲੀ ਵਿਖੇ ਪਹੁੰਚੇ ਸਨ ।

ਪ੍ਰ. ੬੫:- ਗੁਰੂ ਗੋਬਿੰਦ ਸਿੰਘ ਜੀ ਚਮਕੌਰ ਦੀ ਗੜ੍ਹੀ ਵਿੱਚ ਕਦੋਂ ਪਹੁੰਚੇ ਸਨ ?

ਉ.:- ੭ ਪੋਹ (੨੧ ਦਸੰਬਰ) ੧੭੦੪

ਪ੍ਰ. ੬੬:- ਚਮਕੌਰ ਦੀ ਗੜ੍ਹੀ ਵਿਖੇ ਗੁਰੂ ਜੀ ਦੇ ਕਿਹੜੇ ਸਾਹਿਬਜਾਦੇ ਸ਼ਹੀਦ ਹੋਏ ਸਨ ?

ਉ.:- ਚਮਕੌਰ ਦੀ ਗੜ੍ਹੀ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਦੋ ਸਾਹਿਬਜਾਦੇ ਬਾਬਾ ਅਜੀਤ ਸਿੰਘ ਜੀ ਅਤੇ ਬਾਬਾ ਜੁਝਾਰ ਸਿੰਘ ਜੀ ਸ਼ਹੀਦ ਹੋਏ ਸਨ ।

ਪ੍ਰ.੬੭:- ਪੰਜ ਪਿਆਰਿਆਂ ਵਿਚੋਂ ਕਿੰਨੇ ਪਿਆਰੇ ਚਮਕੌਰ ਸਾਹਿਬ ਵਿਖੇ ਸ਼ਹੀਦ ਹੋਏ ਸਨ ?

ਉ.:- ਪੰਜ ਪਿਆਰਿਆਂ ਵਿਚੋਂ ਤਿੰਨ ਪਿਆਰੇ ਚਮਕੌਰ ਸਾਹਿਬ ਵਿਖੇ ਸ਼ਹੀਦ ਹੋਏ ਸਨ ।

੧. ਭਾਈ ਮੁਹਕਮ ਸਿੰਘ ਜੀ    ੨. ਭਾਈ ਸਾਹਿਬ ਸਿੰਘ ਜੀ

੩. ਭਾਈ ਹਿੰਮਤ ਸਿੰਘ ਜੀ

ਪ੍ਰ.੬੮: ਸ੍ਰੀ ਗੁਰੂ ਗੋਬਿੰਦ ਸਿੰਘ ਜੀ ਚਮਕੌਰ ਦੀ ਗੜ੍ਹੀ ਕਿਸ ਦੇ ਹੁਕਮ ਤੇ ਛੱਡ ਕੇ ਗਏ ਸਨ?

ਉ.:- ਸ੍ਰੀ ਗੁਰੂ ਗੋਬਿੰਦ ਸਿੰਘ ਜੀ ਚਮਕੌਰ ਦੀ ਗੜ੍ਹੀ ਗੁਰੂ ਪੰਥ ਰੂਪੀ ਪੰਜ ਪਿਆਰਿਆਂ ਦੇ ਹੁਕਮ ਤੇ ਛੱਡ ਗਏ ਸਨ ।

ਪ੍ਰ.੬੯:- ਗੁਰਦੁਆਰਾ ਕਤਲਗੜ ਸਾਹਿਬ ਕਿਸ ਦੀ ਯਾਦ ਵਿੱਚ ਬਣਿਆ ਹੈ ਤੇ ਕਿਥੇ ਹੈ ?

ਉ.:- ਗੁਰਦੁਆਰਾ ਕਤਲਗੜ ਸਾਹਿਬ ਚਮਕੌਰ ਸਾਹਿਬ ਵਿਖੇ ਹੈ ਜਿਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਸਾਹਿਬਜਾਦੇ ਜੰਗ ਵਿੱਚ ਲੜਦੇ ਸ਼ਹੀਦ ਹੋਏ ਸਨ ।

ਪ੍ਰ.੭੦:-ਗੁਰਦੁਆਰਾ ਤਾੜੀ ਸਾਹਿਬ ਕਿਸ ਯਾਦ ਵਿੱਚ ਬਣਿਆ ਹੈ ?

ਉ.:- ਇਸ ਸਥਾਨ ਤੇ ਗੁਰੂ ਗੋਬਿੰਦ ਸਿੰਘ ਜੀ ਚਮਕੌਰ ਦੀ ਗੜੀ ਛੱਡ ਕੇ ਜਾਣ ਸਮੇਂ ਦੁਸ਼ਮਣ ਨੂੰ ਲਲਕਾਰ ਕੇ ਤਾੜੀ ਮਾਰ ਕੇ ਗਏ ਸਨ ਇਸੇ ਯਾਦ ਵਿੱਚ ਇਹ ਗੁਰਦੁਆਰਾ ਸਾਹਿਬ ਬਣਿਆ ਹੈ ।

ਪ੍ਰ.੭੧:- ਗੁਰੂ ਗੋਬਿੰਦ ਸਿੰਘ ਜੀ ਨਾਲ ਚਮਕੌਰ ਦੀ ਗੜੀ ਵਿੱਚੋਂ ਹੋਰ ਕੌਣ - ਕੌਣ ਆਇਆ ਸੀ ?

ਉ.:- ਭਾਈ ਦਇਆ ਸਿੰਘ ਜੀ, ਭਾਈ ਧਰਮ ਸਿੰਘ ਜੀ, ਭਾਈ ਮਾਨ ਸਿੰਘ ਜੀ

ਪ੍ਰ. ੭੨:- ਗੁਰੂ ਗੋਬਿੰਦ ਸਿੰਘ ਜੀ ਨੇ ਚਮਕੌਰ ਦੀ ਗੜੀ ਛੱਡਣ ਸਮੇਂ ਆਪਣੇ ਜੋੜੇ ਕਿਉਂ ਉਤਾਰ ਦਿੱਤੇ ਸਨ ?

ਉ.:- ਕਿਉਂਕਿ ਗੜੀ ਤੋਂ ਬਾਹਰ ਯੁੱਧ ਦੇ ਮੈਦਾਨ ਵਿੱਚ ਸਿੰਘ ਸ਼ਹੀਦ ਹੋਏ ਪਾਏ ਸਨ । ਉਹਨਾਂ ਦੇ ਕੇਸ਼ ਖੁੱਲੇ ਸਨ ਗੁਰੂ ਜੀ ਨੇ ਕਿਹਾ ਕਿਸੇ ਸਿੰਘ ਦੇ ਕੇਸਾਂ ਉੱਪਰ ਮੇਰਾ ਜੋੜੇ ਵਾਲਾ ਪੈਰ ਨਾ ਰੱਖਿਆ ਜਾਵੇ ਇਸ ਲਈ ਜੋੜੇ ਤੋਂ ਬਗੈਰ ਹੀ ਗੁਰੂ ਜੀ ਗਏ ਸਨ ।

ਪ੍ਰ.੭੩:- ਚਮਕੌਰ ਸਾਹਿਬ ਦੇ ਯੁੱਧ ਵਿੱਚ ਸ਼ਹੀਦ ਹੋਏ ਸਾਹਿਬਜਾਦਿਆਂ ਅਤੇ ਹੋਰ ਗੁਰ ਸਿੱਖਾਂ ਦੇ ਸ਼ਰੀਰਾਂ ਦੀ ਅੰਤਿਮ ਸੰਭਾਲ ਕਿਸ ਨੇ ਕੀਤੀ ?

ਉ.:- ਬੀਬੀ ਸ਼ਰਨ ਕੌਰ

ਪ੍ਰ.੭੪:- ਚਮਕੌਰ ਸਾਹਿਬ ਦੀ ਧਰਤੀ ਪ੍ਰਤੀ ਕਵੀ ਅੱਲਾਯਾਰ ਖਾਂ ਨੇ ਕੀ ਲਿਖਿਆ ਹੈ ?

ਉ.: ਬੱਸ ਏਕ ਹਿੰਦ ਮੇਂ ਤੀਰਥ ਹੈ ਯਾਤਰਾ ਕੀ ਲੀਏ, ਕਟਾਏ ਬਾਪ ਨੇ ਬੱਚੇ ਜਹਾ ਖੁਦਾ ਕੇ ਲੀਏ।
ਚਮਕ ਹੈ 'ਮਹਰ' ਕੀ ਚਮਕੌਰ ! ਤੇਰੇ ਜ਼ੱਰਰੋਂ ਮੇਂ, ਯਹੀ ਸੇ ਬਨ ਕੇ ਸਿਤਾਰੇ ਗਏ ਸਮਾਂ ਕੇ ਲੀਏ।

ਪ੍ਰ.੭੫:- ਚਮਕੌਰ ਸਾਹਿਬ ਤੋਂ ਗੁਰੂ ਜੀ ਕਿਸ ਜੰਗਲ ਵਿੱਚ ਪਹੁੰਚੇ ਸਨ ?

ਉ.:- ਮਾਛੀਵਾੜੇ ਦੇ ਜੰਗਲ ਵਿੱਚ

ਪ੍ਰ.੭੬:- ਗੁਰਦੁਆਰਾ 'ਚਰਨ ਕੰਵਲ' ਕਿਥੇ ਸਥਿਤ ਹੈ ਤੇ ਇਸ ਦਾ ਕੀ ਇਤਿਹਾਸ ਹੈ ?

ਉ.:- ਇਹ ਸਥਾਨ ਮਾਛੀਵਾੜੇ ਵਿਖੇ ਹੈ ਇਸ ਸਥਾਨ ਤੇ ਭਾਈ ਦਇਆ ਸਿੰਘ ਭਾਈ ਧਰਮ ਸਿੰਘ ਭਾਈ ਮਾਨ ਸਿੰਘ ਜੀ ਗੁਰੂ ਗੋਬਿੰਦ ਸਿੰਘ ਜੀ ਨੂੰ ਨਾਲ ਲੈ ਕੇ ਆਏ ਸਨ ਅਤੇ ਇੱਥੇ ਗੁਰੂ ਜੀ ਕੁਝ ਸਮੇਂ ਲਈ ਰੁਕੇ ।

ਪ੍ਰ.੭੭:- ਗੁਰੂ ਗੋਬਿੰਦ ਸਿੰਘ ਜੀ ਨੂੰ ਉੱਚ ਦਾ ਪੀਰ ਬਣਾ ਕੇ ਮਾਛੀਵਾੜੇ ਤੋਂ ਕੌਣ ਬਾਹਰ ਲੈ ਕੇ ਗਏ ਸਨ ?

ਉ.:- ਭਾਈ ਗਨੀ ਖਾਂ ਅਤੇ ਭਾਈ ਨਬੀ ਖਾਂ ।

ਪ੍ਰ.੭੮:- ਮਾਛੀਵਾੜੇ ਤੋਂ ਵਿਦਾ ਹੋ ਕੇ ਗੁਰੂ ਜੀ ਪਿੰਡ 'ਹੇਹਰ' ਲੁਧਿਆਣੇ ਕਿਸ ਕੋਲ ਰੁਕੇ ਸਨ?

ਉ.:- ਉਦਾਸੀ ਮਹੰਤ ਕਿਰਪਾਲ ਦਾਸ ਕੋਲ ਜੋ ਭੰਗਾਣੀ ਦੇ ਯੁੱਧ ਸਮੇਂ ਵੀ ਗੁਰੂ ਜੀ ਦੀ ਸੇਵਾ ਵਿੱਚ ਹਾਜਰ ਸੀ ।

ਪ੍ਰ.੭੯:- ਜੱਟ ਪੁਰੇ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਿਸ ਕੋਲ ਰੁਕੇ ਸਨ ?

ਉ.:- ਰਾਇਕੋਟ ਦੇ ਮੁਸਲਮਾਨ ਸਰਦਾਰ ਰਾਇ ਕਲ੍ਹਾ ਕੋਲ ।

ਪ੍ਰ.੮੦:- ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਖਬਰ ਲੈਣ ਕਿਸ ਨੂੰ ਭੇਜਿਆ ਸੀ?

ਉ.:- ਰਾਇ ਕਲ੍ਹਾ ਦੇ ਮਾਹੀ (ਚਰਵਾਹੇ) ਨੂਰੇ ਨੂੰ ਸਰਹਿੰਦ ਭੇਜਿਆ ਸੀ ।

ਪ੍ਰ. ੮੧:- ਨੂਰੇ ਮਾਹੀ ਨੇ ਜੱਟਪੁਰੇ ਆ ਕੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰ ਕੌਰ ਜੀ ਦੀ ਕੀ ਖਬਰ ਦਿੱਤੀ ਸੀ ?

ਉ.:- ਨੂਰੇ ਮਾਹੀ ਨੇ ਦੱਸਿਆ ਕਿ ਦੋਹਾਂ ਸਾਹਿਬਜ਼ਾਦਿਆਂ ਨੂੰ ਨੀਹਾਂ ਵਿੱਚ ਚਿਣ ਕੇ ਸ਼ਹੀਦ ਕਰ ਦਿੱਤਾ ਗਿਆ ਹੈ ਤੇ ਮਾਤਾ ਜੀ ਠੰਡੇ ਬੁਰਜ ਤੇ ਸ਼ਹੀਦ ਹੋ ਗਏ ਹਨ ।

ਪ੍ਰ.੮੨:- ਸਾਹਿਬਜਾਦਿਆਂ ਅਤੇ ਮਾਤਾ ਗੁਜਰ ਕੌਰ ਦੀ ਸ਼ਹੀਦੀ ਦੀ ਖਬਰ ਸੁਣਨ ਉਪਰੰਤ ਗੁਰੂ ਜੀ ਨੇ ਔਰੰਗਜੇਬ ਨੂੰ ਕਿਹੜੀ ਚਿੱਠੀ ਭੇਜੀ ?

ਉ.:- ਗੁਰੂ ਗੋਬਿੰਦ ਸਿੰਘ ਜੀ ਨੇ ਜ਼ਫ਼ਰਨਾਮਾ ਲਿਖਿਆ ।

ਪ੍ਰ. ੮੩:- ਜਫਰਨਾਮਾ ਤੋਂ ਕੀ ਭਾਵ ਹੈ ? ਇਹ ਕਿੱਥੇ ਲਿਖਿਆ ਗਿਆ ?

ਉ.:- ਜਫਰਨਾਮਾ ਤੋਂ ਭਾਵ ਜਿੱਤ ਦੀ ਚਿੱਠੀ ਜੋ ਗੁਰੂ ਗੋਬਿੰਦ ਸਿੰਘ ਜੀ ਨੇ ਔਰੰਗਜੇਬ ਨੂੰ ਦੀਨਾ ਕਾਗੜ ਪਿੰਡ ਤੋਂ ਲਿਖੀ ਸੀ ।

ਪ੍ਰ.੮੪:- ਜਫਰਨਾਮਾ ਔਰੰਗਜੇਬ ਤੱਕ ਪਹੁੰਚਾਉਣ ਦੀ ਜਿੰਮੇਵਾਰੀ ਕਿਸ-ਕਿਸ ਨੂੰ ਦਿੱਤੀ ਗਈ ਸੀ ?

ਉ.:- ਭਾਈ ਦਇਆ ਸਿੰਘ ਜੀ ਤੇ ਭਾਈ ਧਰਮ ਸਿੰਘ ਜੀ ਨੂੰ ਜਿਹਨਾ ਨੇ ਅਹਿਮਦ ਨਗਰ (ਦੱਖਣ) ਪਹੁੰਚ ਕੇ ਜਫਰਨਾਮਾ ਔਰੰਗਜੇਬ ਨੂੰ ਪਕੜਾਇਆ ਸੀ ।

ਪ੍ਰ.੮੫:- ਭਾਈ ਮਹਾ ਸਿੰਘ ਨੇ ਆਪਣਾ ਬੇਦਾਵਾ ਕਿਸ ਸਥਾਨ ਤੇ ਗੁਰੂ ਜੀ ਤੋਂ ਫੱਟਵਾਇਆ ਸੀ ?

ਉ.:- ਮੁਕਤਸਰ ਸਾਹਿਬ ਵਿਖੇ

ਪ੍ਰ.੮੬:- ਬੇਦਾਵਾ ਤੋਂ ਭਾਵ ਕੀ ਸਮਝਦੇ ਹੋ ?

ਉ.:- ਬੇਦਾਵਾ ਦਾ ਅਰਥ ਗੁਰੂ ਤੋਂ ਬੇਮੁਖ ਹੋਣਾ ਹੈ ।

ਪ੍ਰ.੮੭:- ਸਾਬੋ ਦੀ ਤਲਵੰਡੀ ਨੂੰ ਅੱਜ ਅਸੀਂ ਕਿਸ ਨਾਮ ਨਾਲ ਜਾਣਦੇ ਹਾਂ ?

ਉ.:- ਤੱਖਤ ਸ੍ਰੀ ਦਮਦਮਾ ਸਾਹਿਬ ਜੀ ।

ਪ੍ਰ.੮੮:- ਦਮਦਮਾ ਸਾਹਿਬ ਵਿਖੇ ਗੁਰੂ ਜੀ ਨੇ ਭਾਈ ਡੱਲੇ ਨੂੰ ਕੀ ਉਪਦੇਸ਼ ਬਖਸ਼ਿਆ ਸੀ ?

ਉ.:- ਗੁਰੂ ਜੀ ਨੇ ਕਿਹਾ ਜੇ ਤੂੰ ਸਾਡੇ ਚਰਨਾ ਵਿੱਚ ਸਥਾਨ ਚਾਹੁੰਦਾ ਹੈ ਤਾਂ ਪੰਜਾ ਪਿਆਰਿਆਂ ਤੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ।

ਪ੍ਰ.੮੯:- ਜਦੋਂ ਭਾਈ ਡੱਲੇ ਦੇ ਸਿਪਾਹੀ ਬੰਦੂਕ ਅੱਗੇ ਖੜਨ ਤੋਂ ਜਵਾਬ ਦੇ ਗਏ ਸਨ ਤਾਂ ਫਿਰ ਕਿਹੜੇ ਸਿੱਖ ਅੱਗੇ ਆਏ ਸਨ ?

ਉ.:- ਭਾਈ ਬੀਰ ਸਿੰਘ, ਭਾਈ ਧੀਰ ਸਿੰਘ

ਪ੍ਰ.੯੦:- ਮਾਤਾ ਸੁੰਦਰੀ ਜੀ ਤੇ ਮਾਤਾ ਸਾਹਿਬ ਕੌਰ ਜੀ ਨੇ ਦਿੱਲੀ ਤੋਂ ਆ ਕੇ ਦਮਦਮਾ ਸਾਹਿਬ ਵਿੱਖੇ ਜਦੋਂ ਪੁੱਛਿਆ ਸੀ ਕਿ ਸਾਡੇ ਚਾਰੋ ਪੁੱਤ੍ਰਨ ਕਿਥੇ ਹਨ ਤੇ ਗੁਰੂ ਜੀ ਨੇ ਕੀ ਜਵਾਬ ਦਿੱਤਾ ਸੀ?

ਉ.:- ਇਨ ਪੁੱਤ੍ਰਨ ਕੇ ਸ਼ੀਸ਼ ਪਰ ਵਾਰ ਦੀਏ ਸੁਤ ਚਾਰ, ਚਾਰ ਮੁਏ ਤੋਂ ਕਿਆ ਭਇਆ ਜੀਵਤ ਕਈ ਹਜਾਰ

ਪ੍ਰ. ੯੧:- ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਦਮਦਮੀ ਬੀੜ ਕਿਉਂ ਕਿਹਾ ਜਾਂਦਾ ਹੈ ?

ਉ.:- ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਦੂਜੀ ਵਾਰ ਸੰਪਾਦਨਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦਮਦਮਾ ਸਾਹਿਬ ਵਿਖੇ ਕਰਵਾਈ ਸੀ ।

ਪ੍ਰ.੯੨:- ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਸਮੇਂ ਲਿਖਣ ਦੀ ਸੇਵਾ ਕਿਸ ਨੂੰ ਬਖਸ਼ੀ ਸੀ ?

ਉ.:- ਭਾਈ ਮਨੀ ਸਿੰਘ ਜੀ ।

ਪ੍ਰ.੯੩:- ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਰਵਾਈ ਪਹਿਲਾ ਨਾਲੋ ਕਿਹੜੀ ਬਾਣੀ ਵੱਧ ਪਾਈ ਗਈ ਸੀ ?

ਉ.:- ਸ੍ਰੀ ਗੁਰੂ ਤੇਗ ਬਹਾਦੁਰ ਜੀ ਦੀ ਬਾਣੀ

ਪ੍ਰ. ੯੪:- ਸ੍ਰੀ ਦਮਦਮਾ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਕਿੰਨਾ ਕੁ ਸਮਾਂ ਰੁਕੇ ਸਨ ?

ਉ.:- ਲਗਭਗ ਸਾਢੇ ਨੌ ਮਹੀਨੇ ।

ਪ੍ਰ.੯੫:- ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦਾਦੂ ਜੀ ਦੇ ਦੇਹੁਰੇ ਨੂੰ ਤੀਰ ਨਾਲ ਨਮਸਕਾਰ ਕਿਉਂ ਕੀਤੀ ਸੀ ?

ਉ.:- ਖਾਲਸੇ ਦੀ ਪਰਖ ਕਰਨ ਲਈ ।

ਪ੍ਰ. ੯੬:- ਨੰਦੇੜ ਦੀ ਧਰਤੀ ਤੇ ਗੁਰੂ ਜੀ ਨੂੰ ਕਿਹੜਾ ਬੈਰਾਗੀ ਮਿਲਿਆ ਸੀ ?

ਉ.:- ਮਾਧੋ ਦਾਸ ਬੈਰਾਗੀ

ਪ੍ਰ.੯੭:- ਮਾਧੋ ਦਾਸ ਦਾ ਪਹਿਲਾ ਨਾਮ ਕੀ ਸੀ ? ਗੁਰੂ ਦਾ ਸਿੰਘ ਸਜ ਕੇ ਕੀ ਨਾਮ ਰੱਖਿਆ ਗਿਆ ਤੇ ਪੰਥ ਵਿੱਚ ਕਿਸ ਨਾਮ ਨਾਲ ਪ੍ਰਸਿੱਧ ਹੋਏ ।

ਉ.:- ਪਹਿਲਾ ਨਾਮ ਲਛਮਣ ਦਾਸ ਸੀ । ਗੁਰੂ ਘਰ ਵਿੱਚ ਆ ਕੇ ਅੰਮ੍ਰਿਤ ਛਕਣ ਉਪਰੰਤ ਨਾਮ ਗੁਰਬਖਸ਼ ਸਿੰਘ ਰੱਖਿਆ ਗਿਆ। ਸਮੂਹ ਪੰਥ ਵਿੱਚ ਬਾਬਾ ਬੰਦਾ ਸਿੰਘ ਬਹਾਦੁਰ ਦੇ ਨਾਮ ਨਾਲ ਪ੍ਰਸਿੱਧ ਹੋਏ ਸਨ ।

ਪ੍ਰ.੯੮:- ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੇ ਹਮਲਾ ਕਰਨ ਵਾਲੇ ਪਠਾਣਾ ਦੇ ਨਾਮ ਲਿਖੋ ?

ਉ.:- ਗੁਲ ਖਾਂ, ਜਮਸ਼ੇਦ ਖਾਂ

ਪ੍ਰ.੯੯:- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰ ਗੱਦੀ ਕਿਸ ਸਥਾਨ ਤੇ ਦਿੱਤੀ ਗਈ ਸੀ ?

ਉ.:- ਸ੍ਰੀ ਹਜੂਰ ਸਾਹਿਬ ਅਬਚਲ ਨਗਰ, ਨੰਦੇੜ ਮਹਾਰਾਸ਼ਟਰ ਵਿਖੇ

ਪ੍ਰ. ੧੦੦:- ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜੋਤਿ ਜੋਤਿ ਕਦੋਂ ਸਮਾਏ ਸਨ ?

ਉ.:- ੭ ਅਕਤੂਬਰ ਸੰਨ ੧੭੦੮ ਨੂੰ

**ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹਿ ॥**

निम्नलिखित वेबसाइट में दस गुरूजनों का सम्पूर्ण जीवन वृत्तांत विस्तृत रूप में तथा स्वतत्रंता अवश्य देखें तथा पढ़े।

www.sikhworld.info

jasbirsikhworldinfo@gmail.com

ਉਪਰੋਕਤ ਵੇਬ ਸਾਇਟ ਵਿੱਚ ਦਸ ਗੁਰੂਸਾਹਿਬਾਨਾਂ ਦਾ ਸੰਪੂਰਨ ਜੀਵਨ ਬਿਊਰਾ ਵਿਸਤਾਰ ਸਹਿਤ ਜ਼ਰੂਰ ਦੇਖੋ ਅਤੇ ਪੜੋ ਜੀ।